


ਆਓ ਸਭ ਮਿਲ ਕੇ ਖੇਡੀਏ
ਸਤਿਕਾਰ ਯੋਗ ਸੰਬੰਧਾਂ ਅਤੇ ਲਿੰਗ ਸਮਾਨਤਾ ਬਾਰੇ ਇੱਕ
ਸੰਬਾਦਾਤਮਕ ਸੰਗੀਤਕ ਮਨੋਰੰਜਕ ਕਾਰਜਕ੍ਰਮ

ਬੱਚੇ ਬੜੇਆਂ ਨੂੰ ਵੇਖ ਕੇ ਹੀ ਸਿੱਖਦੇ ਹਨ| ਜੇ ਤੁਸੀਂ ਅਤੇ ਤੁਹਾਡੇ ਸਾਥੀ ਇੱਕ ਦੂਜੇ ਨੂੰ ਬਰਾਬਰ ਸਤਿਕਾਰ ਕਰਦੇ ਹੋ, ਤਾਂ ਤੁਹਾਡੇ ਬੱਚੇ ਵੀ ਤੁਹਾਡਾ ਅਨੁਸਰਣ ਕਰਨਗੇ| ਜੇ ਤੁਸੀਂ ਜਾਂ ਤੁਹਾਡੇ ਸਾਥੀ ਇੱਕ ਦੂਜੇ ਨੂੰ ਚੀਕਦੇ ਹੋ ਅਤੇ ਅਪਸ਼ਬਦ ਕਹਿੰਦੇ ਹੋ, ਤਾਂ ਤੁਹਾਡੇ ਬੱਚੇ ਇਸ ਵਿਵਹਾਰ ਦੀ ਵੀ ਨਕਲ ਕਰਨਗੇ| ਘਰ ਵਿਚ ਸਤਿਕਾਰ ਨਾਲ ਬੋਲਣਾ ਅਤੇ ਸਤਿਕਾਰ ਯੋਗ ਵਿਵਹਾਰ ਕਰਨਾ, ਤੁਹਾਡੇ ਬੱਚਿਆਂ ਨੂੰ ਏਹੀ ਕਦਰਾਂ ਕੀਮਤਾਂ ਦੇ ਨਾਲ ਵੱਡੇ ਹੋਣ ਲਈ ਉਤਸ਼ਾਹਤ ਕਰੇਗਾ ਅਤੇ ਓਹ ਇਨ੍ਹਾਂ ਕਦਰਾਂ ਕੀਮਤਾਂ ਨੂੰ ਆਪਣੇ ਅੱਜ ਅਤੇ ਭਵਿੱਖ ਦੇ ਰਿਸ਼ਤਿਆਂ ਵਿਚ ਲਾਗੂ ਕਰਣਗੇ|

ਆਪਣੇ ਬੱਚੇ ਨੂੰ ਰਵਾਇਤੀ ਕਟੜਪੰਥੀ ਤੱਥਾਂ ਤੇ ਪ੍ਰਸ਼ਨ ਕਰਨਾ ਸਿਖਾਓ| ਮੁੰਡੇ ਗੁਲਾਬੀ ਰੰਗ ਕਿਉਂ ਪਸੰਦ ਨਹੀਂ ਕਰ ਸਕਦੇ? ਕੁੜੀਆਂ ਦੁਆਰਾ ਟਰੱਕ ਅਤੇ ਮਸ਼ੀਨਾਂ ਨੂੰ ਪਸੰਦ ਕਰਣ ਵਿਚ ਕੋਈ ਬੁਰਾਈ ਨਹੀਂ ਹੈ| ਜੇ ਤੁਹਾਡੀ ਪਰਵਰਿਸ਼ ਦੁਰਾਨ, ਉਹ ਇੱਕ ਪਾਰਖੀ ਨਜ਼ਰੀਆ ਵਿਕਸਤ ਕਰਦੇ ਹਨ ਤਾਂ ਇਹ ਉਹਨਾਂ ਨੂੰ ਵੱਖ-ਵੱਖ ਮਾਧਮਾਂ ਦੁਆਰਾ ਫੈਲਾਈ ਜਾਂ ਰਹੀ ਕਟੜਪੰਥੀ ਵਿਚਾਰਧਾਰਾ ਨੂੰ ਰੱਦ ਕਰਨ ਵਿਚ ਮਦਦਗਾਰ ਸਾਬਤ ਹੋਵੇਗਾ|

ਆਪਣੇ ਬੱਚਿਆਂ ਨੂੰ ਅਜਿਹੀਆਂ ਫਿਲਮਾਂ, ਇੰਟਰਨੇਟ ਅਤੇ ਟੀਵੀ ਪ੍ਰੋਗਰਾਮਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰੋ ਜੋ ਪੱਖਪਾਤੀ ਵਿਚਾਰਧਾਰਾ ਨੂੰ ਵਧਾਉਂਦੀਆਂ ਹਨ ਅਤੇ ਤੁਹਾਡੀਆਂ ਪਰਿਵਾਰਕ ਕਦਰਾਂ ਕੀਮਤਾਂ ਦਾ ਸਮਰਥਨ ਨਹੀਂ ਕਰਦੀਆਂ|

ਲਿੰਗ ਦੇ ਅਧਾਰ ਤੇ ਕੰਮ ਨਿਰਧਾਰਤ ਕਰਨ ਤੋਂ ਬਚੋ- ਕੁੜੀਆਂ ਘਰ ਦਾ ਕੂੜਾ ਬਾਰ ਜਾ ਕੇ ਸੁੱਟ ਆਉਣ ਚ ਓਨੀਆਂ ਹੀ ਸਮਰੱਥ ਨੇ ਜਿੰਨੇ ਕਿ ਮੁੰਡੇ ਘਰ ਦੇ ਜੂਠੇ ਭਾਂਡੇ ਧੋਣ ਚ ਨੇ|

ਯਾਦ ਰੱਖੋ ਕਿ ਜਿਨ੍ਹਾਂ ਵੱਧ ਇਕ ਰਿਸ਼ਤਾ ਬਰਾਬਰੀ ਤੇ ਅਧਾਰਤ ਹੁੰਦਾ ਹੈ- ਉਹ ਓਨਾ ਹੀ ਜ਼ਿਆਦਾ ਸੁਰੱਖਿਅਤ ਹੁੰਦਾ ਹੈ| ਲਿੰਗ ਸਮਾਨਤਾ ਅਤੇ ਸੇਹਤਮੰਦ, ਸਤਿਕਾਰਯੋਗ ਰਿਸ਼ਤਿਆਂ ਦਾ ਆਪਸ ਵਿੱਚ ਇਕ ਡੂੰਗਾ ਸੰਬੰਧ ਹੈ| ਅਸਮਾਨਤਾ, ਆਸਟ੍ਰੇਲੀਆ ਵਿਆਪਕ ਫੈਲੀ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਦੀ ਸੱਮਸਿਆ ਨਾਲ ਜੁੜੀ ਹੋਈ ਹੈ| ਇਕ ਸੁਰੱਖਿਅਤ ਸਮਾਜ ਦੇ ਨਿਰਮਾਣ ਲਈ ਆਪਣਾ ਹਿੱਸਾ ਅਦਾ ਕਰੋ| ਟੀਚਾ ਰੱਖੋ ਕਿ," ਬੱਚਿਆਂ ਦੇ ਖਿਡੌਣਿਆਂ ਅਤੇ ਸੌਣ ਦੇ ਕਮਰਿਆਂ ਵਿੱਚੋ, ਕੁੜੀਆਂ ਅਤੇ ਮੁੰਡਿਆਂ ਨੂੰ ਵੱਖ-ਵੱਖ ਦਰਸ਼ਾਓਦੇ ਚਿਨ੍ਹਾਂ ਨੂੰ ਖ਼ਤਮ ਕਰਨਾ ਹੈ|" ਇਹ ਇਕ ਬਹੁਤ ਮਦਦਗਾਰ ਸਭਿਆਚਾਰਕ ਤਬਦੀਲੀ ਹੈ, ਹਮੇਸ਼ਾ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਖਿਡੌਣਿਆਂ ਦੀ ਚੋਣ ਕਰਨ ਲਈ ਉਤਸ਼ਾਹਿਤ ਕਰੋ|

We acknowledge the traditional owners of the land where we work and pay respects to elders past, present and future.




ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਬੱਚੇ ਇਹ ਦੇਖਦੇ ਹਨ ਕਿ ਮਾਂ ਕੋਲ ਘਰ ਵਿੱਚ ਅਜੇ ਵੀ ਵਿੱਤੀ ਅਧਿਕਾਰ ਅਤੇ ਸ਼ਕਤੀ ਹੈ, ਭਾਂਵੇ ਉਹ ਇਸ ਸਮੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਇਕ ਬਿਨਾਂ ਤਨਖਾਹ ਦੀ ਭੂਮਿਕਾ ਨਿਭਾ ਰਹੀ ਹੈ| ਜਿਥੇ ਵੀ ਸੰਭਵ ਹੋਵੇ, ਸਾਂਝੇ ਪਰਵਾਰਕ ਫੈਂਸਲੇ ਲੈਣ ਦੀ ਪ੍ਰਵਿਰਤੀ ਨੂੰ ਵਧਾਵਾ ਦਿਓ|

ਸਰਗਰਮੀ ਨਾਲ ਆਪਣੇ ਬੱਚੇ ਦਾ ਪੱਖ ਲਵੋ ਅਤੇ ਕੋਈ ਵੀ ਜੇਕਰ ਨਜਾਇਜ਼ ਟਿਪਣੀ ਕਰਦਾ ਹੈ, ਜਿਵੇਂ ਕਿ, "ਤੂੰ ਇਕ ਕੁੜੀ ਵਾਂਗ ਦਿਖਦਾ ਹੈਂ, ਤੈਨੂੰ ਆਪਣੇ ਵਾਲ ਕੱਟਣੇ ਚਾਹੀਦੇ ਹਨ" ਜਾਂ " ਤੈਨੂੰ ਕੁੜੀਆਂ ਵਾਂਗ ਰਹਿਣਾ ਚਾਹੀਦਾ ਹੈ" ਤਾਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋ| ਤੁਹਾਨੂੰ ਗੁੱਸੇ ਵਿਚ ਆਉਣ ਦੀ ਜ਼ਰੂਰਤ ਨਹੀਂ ਹੈ, ਬੱਸ ਕੁਝ ਇਸ ਤਰਾਂ ਕਹਿਣਾ ਕਿ " ਅਸੀਂ ਅਜਿਹੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ" ਆਮ ਤੌਰ ਤੇ ਬਹੁਤ ਪ੍ਰਭਾਸ਼ਾਲੀ ਹੁੰਦਾ ਹੈ|

ਆਪਣੇ ਬੱਚਿਆਂ ਲਈ ਕੱਟੜਪੰਥੀ ਅਤੇ ਜਿਨਸੀ ਸ਼ਬਦਾਂ ਦੇ ਵਰਤੋਂ ਤੋਂ ਬਚੋ| Melissa Atkin Wrady ਦੁਆਰਾ ਲਿਖੀ ਗਈ ਕਿਤਾਬ," Redefining Girly: How Parents Can Fight the Stereotyping and Sexualizing of Girlhood, from Birth to Tween" ਅਤੇ Stephen James ਦੁਆਰਾ ਲਿਖੀ ਗਈ ਇਕ ਹੋਰ ਕਿਤਾਬ, " Wild Things: The Art of Nurturing Boys" ਬਹੁਤ ਲਾਭਦਾਇਕ ਕਿਤਾਬਾਂ ਹਨ|

ਜੇਕਰ ਤੁਸੀਂ ਆਪਣੀ ਧੀ ਨੂੰ ਜੋਖਮ ਭਰੇ ਕਮ ਕਰਨ ਵੇਲੇ ਸਾਵਧਾਨ ਰਹਿਣ ਲਈ ਅਤੇ ਆਪਣੇ ਪੁੱਤਰ ਨੂੰ ਜਜ਼ਵਾਤੀ ਹੋਣ ਤੇ ਮਜ਼ਬੂਤ ਰਹਿਣ ਲਈ ਕਹਿੰਦੇ ਹੋ- ਵਿਚਾਰ ਕਰੋ ਕਿ ਉਹ ਤੁਹਾਤੋਂ ਕਿਹੋ ਜਿਹਾ ਸਬਕ ਸਿੱਖ ਰਹੇ ਹਨ| ਕੁਝ ਹੱਦ ਤਕ ਜੋਖਮ ਲੈਣਾ ਜਾਂ ਆਪਣੀਆਂ ਭਾਵਨਾਮਾਂ ਜ਼ਾਹਰ ਕਰਨਾ, ਕੁੜੀਆਂ ਅਤੇ ਮੁੰਡਿਆਂ ਲਈ ਇਕੋ ਜਿਹਾ ਜ਼ਰੂਰੀ ਹੈ| ਹੋ ਸਕਦਾ ਹੈ ਕਿ ਸ਼ੁਰ ਵਿਚ ਅਜਿਹਾ ਨਾ ਹੋਵੇ, ਪਰ ਉਨ੍ਹਾਂ ਨੂੰ ਇਨ੍ਹਾਂ ਖੇਤਰਾਂ ਵਿਚ ਉਤਸ਼ਾਹਤ ਕਰਨ ਦੀ ਜ਼ਰੂਰਤ ਹੈ|

ਆਪਣੇ ਬੱਚੇ ਦੇ ਜੀਵਨ ਵਿਚ ਮੌਜੂਦ ਮਰਦਾਂ ਨੂੰ ਉਤਸ਼ਾਹਤ ਕਰੋ ਕਿ ਉਹ ਬੱਚੇ ਦੇ ਪਾਲਣ ਪੋਸ਼ਣ/ ਦੇਖਭਾਲ ਵਿਚ ਸਰਗਰਮ ਭੂਮਿਕਾ ਨਿਭਾਉਣ| ਆਪਣੇ ਬੱਚਿਆਂ ਨੂੰ ਆਪਣੇ ਹੀ ਵਾਂਗ ਕਮ ਕਰਨ ਲਈ ਮਜਬੂਰ ਨਾ ਕਰੋ ਅਤੇ ਨਾ ਹੀ ਉਨ੍ਹਾਂ ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਆਲੋਚਨਾ ਕਰੋ| ਬੁਨਿਆਦੀ ਨਿਯਮਾਂ ਦੀ ਪਾਲਣਾ ਤੋਂ ਬਾਅਦ, ਬੱਚਿਆਂ ਲਈ ਪਾਲਣ ਪੋਸ਼ਣ ਦੀਆਂ ਵੱਖ-ਵੱਖ ਸ਼ੈਲੀਆਂ ਦਾ ਅਨੁਭਵ ਕਰਨ ਵਿਚ ਕੋਈ ਬੁਰਾਈ ਨਹੀਂ ਹੈ|

ਲੋਕਾਂ ਨੂੰ ਆਪਣੇ ਬੱਚੇ ਨੂੰ ਲਿੰਗ ਅਧਾਰਤ ਪਛਾਣ ਦੇਣ ਤੋਂ ਰੋਕੋ| ਜੇਕਰ ਮੁਢਲੀ ਸਿੱਖਿਆ ਦੇ ਸਿੱਖਿਅਕ ਤੁਹਾਡੀ ਧੀ ਨੂੰ ਮੁੰਡਿਆਂ ਵਾਂਗ ਵਿਵਹਾਰ ਕਰਨ ਵਾਲੀ ਕਹਿੰਦੇ ਨੇ ਜਾਂ ਤੁਹਾਡੇ ਮੁੰਡੇ ਦੀਆਂ ਭਾਵਨਾਤਮਕ ਜ਼ਰੂਰਤਾਂ ਬਾਰੇ ਨਕਾਰਾਤਮਕ ਟਿੱਪਣੀ ਕਰਦੇ ਨੇ, ਤਾਂ ਨਿਮਰਤਾ ਨਾਲ ਉਨ੍ਹਾਂ ਨੂੰ ਸਹੀ ਕਰੋ| ਅਨੁਚਿਤ ਵਰਗੀਕਰਨ ਕਿਸੇ ਲਈ ਵੀ ਮਦਦਗਾਰ ਨਹੀਂ ਹੁੰਦਾ|




ਇਹ ਤੁਹਾਡੇ ਵਿਚਰਨ ਯੋਗ ਸਿਰਫ ਕੁਝ ਸੁਝਾਅ ਹਨ| ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਜ਼ਿਆਦਾ ਜਾਣਦੇ ਹੋ- ਤੁਹਾਡਾ ਵਿਵਹਾਰ ਅਤੇ ਕਮ ਕਰਨ ਦਾ ਤਰੀਕਾ ਤੁਹਾਡੇ ਬੱਚੇ ਉਪਰ ਬਹੁਤ ਮਹੱਤਵਪੂਰਨ ਪ੍ਰਭਾਵ ਪਉਂਦਾ ਹੈ| ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਅਨੰਦ ਉਠਾਓ|

ਜੇਕਰ ਤੁਸੀਂ ਕੋਈ ਟਿਪਣੀ ਕਰਨਾ ਚਾਹੁੰਦੇ ਹੋ ਜਾਂ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਬੇਝਿਜਕ ਸਾਡੇ ਨਾਲ ਸੰਪਰਕ ਕਰੋ- ਤੁਹਾਡੇ ਦੁਆਰਾ ਕੀਤਾ ਗਿਆ ਸੰਪਰਕ ਸਾਨੂ ਉਤਸ਼ਾਹਤ ਕਰੇਗਾ!

*Scan the code to access all our songs!*

We acknowledge the traditional owners of the land where we work and pay respects to elders past, present and future.